# NHS ਕਮਿਊਨਿਟੀ ਫਾਰਮਾਸਿਸਟ ਨਾਲ ਤੁਹਾਡਾ ਸਲਾਹ-ਮਸ਼ਵਰਾ

NHS




**ਸਾਡੀ ਪ੍ਰੈਕਟਿਸ ਕੁਝ ਮਾਮੂਲੀ ਸਿਹਤ ਸਮੱਸਿਆਵਾਂ ਵਿੱਚ ਤੁਹਾਡੀ ਸਹਾਇਤਾ ਕਰਨ ਲਈ ਸਥਾਨਕ ਫਾਰਮਾਸਿਸਟਾਂ ਨਾਲ ਮਿਲ ਕੇ ਕੰਮ ਕਰ ਰਹੀ ਹੈ।**

ਹੋ ਸਕਦਾ ਹੈ ਜੀਪੀ ਪ੍ਰੈਕਟਿਸ ਦੀ ਬਜਾਏ ਕਿਸੇ ਫਾਰਮਾਸਿਸਟ ਤੋਂ ਤੁਹਾਡੀ NHS ਸਲਾਹ ਲੈਣਾ ਵਧੇਰੇ ਉਚਿਤ ਹੋਵੇ। ਤੁਸੀਂ ਆਪਣੇ ਲਈ ਸੁਵਿਧਾਜਨਕ ਫਾਰਮੇਸੀ ਚੁਣ ਸਕਦੇ ਹੋ ਅਤੇ ਅਸੀਂ ਤੁਹਾਡੇ ਲਈ ਇਸਦਾ ਪ੍ਰਬੰਧ ਕਰਾਂਗੇ।

ਫਾਰਮਾਸਿਸਟ ਦਵਾਈਆਂ ਦੇ ਮਾਹਰ ਹੁੰਦੇ ਹਨ ਜੋ ਬਹੁਤ ਸਾਰੀਆਂ ਸਿਹਤ ਸੰਬੰਧੀ ਚਿੰਤਾਵਾਂ ਵਿੱਚ ਸਹਾਇਤਾ ਕਰ ਸਕਦੇ ਹਨ। ਉਹ ਸਾਨੂੰ ਦੱਸਣਗੇ ਕਿ ਤੁਹਾਡੀ ਸਲਾਹ-ਮਸ਼ਵਰੇ 'ਤੇ ਕੀ ਹੋਇਆ, ਅਤੇ ਕੀ ਤੁਹਾਨੂੰ ਕਿਸੇ ਫਾਲੋ-ਅੱਪ ਅਪਾਇੰਟਮੈਂਟਾਂ ਦੀ ਲੋੜ ਹੈ।

## ਉਸ ਤੋਂ ਬਾਅਦ ਕੀ ਹੋਵੇਗਾ?

ਅਸੀਂ ਤੁਹਾਡੇ ਦੁਆਰਾ ਚੁਣੀ ਗਈ ਫਾਰਮੇਸੀ ਨੂੰ ਤੁਹਾਡੇ ਸੰਪਰਕ ਵੇਰਵੇ ਅਤੇ ਤੁਹਾਡੀ ਸਥਿਤੀ ਬਾਰੇ ਜਾਣਕਾਰੀ ਭੇਜਾਂਗੇ।



ਫਾਰਮਾਸਿਸਟ ਤੁਹਾਡੇ ਨਾਲ ਸੰਪਰਕ ਕਰਕੇ ਤੁਹਾਡੇ ਸਲਾਹ-ਮਸ਼ਵਰੇ ਦਾ ਪ੍ਰਬੰਧ ਕਰਨਗੇ, ਜੋ ਜਾਂ ਤਾਂ ਫੋਨ ਜਾਂ ਵੀਡੀਓ ਕਾਲ ਦੁਆਰਾ ਹੋਵੇਗਾ, ਜਾਂ ਤੁਸੀਂ ਫਾਰਮੇਸੀ ਵਿੱਚ ਜਾ ਸਕਦੇ ਹੋ। ਸਲਾਹ-ਮਸ਼ਵਰਾ ਗੁਪਤ ਰਹੇਗਾ - ਜੋ ਵੀ ਤੁਸੀਂ ਚਰਚਾ ਕਰਦੇ ਹੋ ਉਸਨੂੰ ਗੁਪਤ ਰੱਖਿਆ ਜਾਵੇਗਾ।



ਜੇਕਰ ਤੁਸੀਂ ਫਾਰਮੇਸੀ ਵਿੱਚ ਜਾਂਦੇ ਹੋ, ਤਾਂ ਕਾਊਂਟਰ ਸਟਾਫ਼ ਨੂੰ ਦੱਸੋ ਕਿ ਤੁਹਾਨੂੰ ਤੁਹਾਡੀ ਪ੍ਰੈਕਟਿਸ ਦੁਆਰਾ ਭੇਜਿਆ ਗਿਆ ਹੈ ਅਤੇ ਤੁਸੀਂ ਫਾਰਮਾਸਿਸਟ ਨਾਲ ਸਲਾਹ-ਮਸ਼ਵਰੇ ਲਈ ਆਏ ਹੋ। ਸਾਰੀਆਂ ਫਾਰਮੇਸੀਆਂ ਵਿੱਚ ਇੱਕ ਗੁਪਤ ਸਲਾਹ-ਮਸ਼ਵਰਾ ਕਮਰਾ ਹੁੰਦਾ ਹੈ।





## ਫਾਰਮਾਸਿਸਟ ਕਿਵੇਂ ਮਦਦ ਕਰਨਗੇ?

ਫਾਰਮਾਸਿਸਟ ਬਹੁਤ ਕੁਸ਼ਲ ਸਿਹਤ-ਸੰਭਾਲ ਪੇਸ਼ਾਵਰ ਹੁੰਦੇ ਹਨ ਜੋ ਕਈ ਮਾਮੂਲੀ ਸਮੱਸਿਆਵਾਂ ਬਾਰੇ ਸਿਹਤ ਸੰਬੰਧੀ ਸਲਾਹ ਦੇ ਸਕਦੇ ਹਨ ਅਤੇ ਉਨ੍ਹਾਂ ਨੂੰ ਘੱਟੋ-ਘੱਟ ਪੰਜ ਸਾਲਾਂ ਲਈ ਦਵਾਈਆਂ ਦੀ ਸਿਖਲਾਈ ਮਿਲੀ ਹੁੰਦੀ ਹੈ।

**ਫਾਰਮਾਸਿਸਟ ਤੁਹਾਡੇ ਲੱਛਣਾਂ ਦੀ ਸਮੀਖਿਆ ਕਰਨਗੇ। ਜੇਕਰ ਉਨ੍ਹਾਂ ਨੂੰ ਲੱਗਦਾ ਹੈ ਕਿ ਤੁਹਾਨੂੰ ਕਿਸੇ ਹੋਰ ਸਿਹਤ-ਸੰਭਾਲ ਪੇਸ਼ਾਵਰ (ਜਿਵੇਂ ਕਿ ਜੀਪੀ ਜਾਂ ਅੱਖਾਂ ਦੇ ਡਾਕਟਰ) ਨੂੰ ਮਿਲਣ ਦੀ ਲੋੜ ਹੈ, ਤਾਂ ਉਹ ਇਸਦਾ ਪ੍ਰਬੰਧ ਕਰਨ ਵਿੱਚ ਮਦਦ ਕਰਨਗੇ।**



ਫਾਰਮਾਸਿਸਟ ਡਾਕਟਰੀ ਸਲਾਹ ਦੇ ਸਕਦੇ ਹਨ ਅਤੇ ਇਹ ਜਾਣਨ ਵਿੱਚ ਤੁਹਾਡੀ ਮਦਦ ਕਰ ਸਕਦੇ ਹੈ ਕਿ ਤੁਹਾਡੀ ਸਥਿਤੀ ਦਾ ਪ੍ਰਬੰਧਨ ਕਿਵੇਂ ਕਰਨਾ ਹੈ। ਜੇ ਉਹ ਸੋਚਦੇ ਹਨ ਕਿ ਤੁਹਾਨੂੰ ਤੁਹਾਡੇ ਲੱਛਣਾਂ ਲਈ ਇਲਾਜ ਦੀ ਲੋੜ ਹੈ, ਤਾਂ ਉਹ ਅਜਿਹੀ ਦਵਾਈ ਦਾ ਸੁਝਾਅ ਦੇ ਸਕਦੇ ਹਨ ਜੋ ਤੁਸੀਂ ਕਾਊਂਟਰ ਤੋਂ ਖਰੀਦ ਸਕਦੇ ਹੋ (ਬਿਨਾਂ ਕਿਸੇ ਡਾਕਟਰ ਦੀ ਪਰਚੀ ਦੇ)।

**ਫਾਰਮਾਸਿਸਟ ਦਰਜ ਕਰਨਗੇ ਕਿ ਤੁਹਾਡੇ ਸਲਾਹ-ਮਸ਼ਵਰੇ 'ਤੇ ਕੀ ਹੋਇਆ, ਜਿਸ ਵਿੱਚ ਤੁਹਾਨੂੰ ਦਿੱਤੀ ਗਈ ਕੋਈ ਵੀ ਦਵਾਈ ਵੀ ਸ਼ਾਮਲ ਹੈ। ਉਹ ਇਸ ਨੂੰ ਸਾਡੇ ਨਾਲ ਸਾਂਝਾ ਕਰਨਗੇ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਤੁਹਾਡਾ ਮੈਡੀਕਲ ਰਿਕਾਰਡ ਅੱਪਡੇਟ ਕੀਤਾ ਗਿਆ ਹੈ।**



## ਮੈਂ ਕਿਸ ਫਾਰਮੇਸੀ ਨਾਲ ਸਲਾਹ-ਮਸ਼ਵਰਾ ਕਰ ਸਕਦਾ/ਸਕਦੀ ਹਾਂ?



ਤੁਸੀਂ ਸੇਵਾ ਪ੍ਰਦਾਨ ਕਰਨ ਵਾਲੀ ਕਿਸੇ ਵੀ ਉਪਲਬਧ ਫਾਰਮੇਸੀ ਨਾਲ ਆਪਣਾ ਸਲਾਹ-ਮਸ਼ਵਰਾ ਕਰਨ ਦੀ ਚੋਣ ਕਰ ਸਕਦੇ ਹੋ।

## ਅਸੀਂ ਤੁਹਾਡੀ ਜਾਣਕਾਰੀ ਨੂੰ ਕਿਵੇਂ ਵਰਤਾਂਗੇ?

ਅਸੀਂ ਤੁਹਾਡੀ ਨਿੱਜੀ ਜਾਣਕਾਰੀ ਦੀ ਵਰਤੋਂ ਸਿਰਫ ਉਦੋਂ ਹੀ ਕਰਾਂਗੇ ਜਦੋਂ ਸਾਨੂੰ ਤੁਹਾਡੀ ਦੇਖਭਾਲ ਨੂੰ ਸੁਰੱਖਿਅਤ ਢੰਗ ਨਾਲ ਪ੍ਰਬੰਧਿਤ ਕਰਨ ਲਈ ਇਸਦੀ ਲੋੜ ਪਵੇਗੀ।



## ਮੈਨੂੰ ਹੋਰ ਜਾਣਕਾਰੀ ਕਿੱਥੋਂ ਮਿਲ ਸਕਦੀ ਹੈ?



ਤੁਹਾਨੂੰ ਹੋਰ ਜਾਣਕਾਰੀ ਹੇਠਾਂ ਦਿੱਤੀਆਂ ਵੈੱਬਸਾਈਟਾਂ 'ਤੇ ਮਿਲ ਸਕਦੀ ਹੈ:

ਤੁਹਾਡੀ ਫਾਰਮੇਸੀ ਕਿਵੇਂ ਮਦਦ ਕਰ ਸਕਦੀ ਹੈ (www.nhs.uk)

ਕੋਈ ਫਾਰਮੇਸੀ ਲੱਭੋ

